CareSync Exchange

Fact Sheet

# CareSync Exchange (ਕੇਅਰਸਿੰਕ ਐਕਸਚੇਂਜ) ਬਾਰੇ

## ਸੰਖੇਪ ਜਾਣਕਾਰੀ

CareSync Exchange (ਕੇਅਰਸਿੰਕ ਐਕਸਚੇਂਜ) ਇੱਕ ਸੁਰੱਖਿਅਤ ਪ੍ਰਣਾਲੀ ਹੈ, ਜੋ ਵਿਕਟੋਰੀਆ ਦੀਆਂ ਸਰਕਾਰੀ ਸਿਹਤ ਸੇਵਾਵਾਂ ਵਿੱਚ ਡਾਕਟਰਾਂ, ਨਰਸਾਂ ਅਤੇ ਹੋਰ ਸਿਹਤ ਸੇਵਾ ਪ੍ਰਦਾਤਾਵਾਂ ਨੂੰ ਤੁਹਾਡੀ ਸਿਹਤ ਬਾਰੇ ਮਹੱਤਵਪੂਰਨ ਜਾਣਕਾਰੀ ਤੱਕ ਜਲਦੀ ਪਹੁੰਚ ਕਰਨ ਵਿੱਚ ਮਦਦ ਕਰਦੀ ਹੈ।

ਇਸਦਾ ਮਤਲਬ ਹੈ ਕਿ ਤੁਸੀਂ ਕਿਸੇ ਵੀ ਸਰਕਾਰੀ ਹਸਪਤਾਲ ਜਾਂ ਕਲੀਨਿਕ ਵਿੱਚ ਜਾਓ, ਉਹ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਬਿਹਤਰ ਫ਼ੈਸਲੇ ਲੈ ਸਕਦੇ ਹਨ।

ਭਾਵੇਂ ਸਿਹਤ ਸੇਵਾਵਾਂ ਹਮੇਸ਼ਾ ਤੋਂ ਜਾਣਕਾਰੀ ਸਾਂਝੀ ਕਰਦੀਆਂ ਆਈਆਂ ਹਨ, ਪਰ ਇਸਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਸਾਂਝਾ ਕਰਨ ਨਾਲ ਇਹ ਪ੍ਰਕਿਰਿਆ ਵਧੇਰੇ ਤੇਜ਼, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਬਣ ਜਾਂਦੀ ਹੈ।

## CareSync Exchange ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ?

ਇਸ ਵੇਲੇ, ਤੁਹਾਡੇ ਮੈਡੀਕਲ ਰਿਕਾਰਡ ਵੱਖ-ਵੱਖ ਸਰਕਾਰੀ ਹਸਪਤਾਲਾਂ ਅਤੇ ਕਲੀਨਿਕਾਂ ਵਿੱਚ ਅਲੱਗ-ਅਲੱਗ ਸਟੋਰ ਕੀਤੇ ਜਾਂਦੇ ਹਨ। ਇਸ ਕਾਰਨ ਸਿਹਤ ਸੇਵਾ ਪ੍ਰਦਾਤਾਵਾਂ ਲਈ ਤੁਹਾਡੇ ਸਿਹਤ ਇਤਿਹਾਸ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨਾ ਮੁਸ਼ਕਿਲ ਹੋ ਸਕਦਾ ਹੈ – ਜਿਵੇਂ ਕਿ ਦੂਜੇ ਹਸਪਤਾਲਾਂ ਵਿੱਚ ਕੀਤੇ ਗਏ ਟੈਸਟਾਂ ਦੇ ਨਤੀਜੇ ਜਾਂ ਪਹਿਲਾਂ ਕੀਤੇ ਗਏ ਇਲਾਜਾਂ ਬਾਰੇ ਜਾਣਕਾਰੀ।

CareSync Exchange ਰਾਹੀਂ, ਤੁਹਾਡੀ ਸਿਹਤ ਸੰਭਾਲ ਟੀਮ ਲੋੜ ਪੈਣ 'ਤੇ ਤੁਹਾਡੀ ਸਿਹਤ ਸੰਬੰਧੀ ਮੁੱਖ ਜਾਣਕਾਰੀ ਤੱਕ ਸੁਰੱਖਿਅਤ ਢੰਗ ਨਾਲ ਪਹੁੰਚ ਕਰ ਸਕਦੀ ਹੈ।

ਇਸ ਨਾਲ ਹੇਠ ਲਿਖਿਆਂ ਵਿੱਚ ਮਦਦ ਮਿਲਦੀ ਹੈ:

- ਡਾਕਟਰਾਂ ਅਤੇ ਨਰਸਾਂ ਨੂੰ ਸਹੀ ਸਮੇਂ 'ਤੇ ਸਹੀ ਜਾਣਕਾਰੀ ਪ੍ਰਦਾਨ ਕਰਕੇ ਵਧੇਰੇ ਸੁਰੱਖਿਅਤ ਅਤੇ ਬਿਹਤਰ ਤਾਲਮੇਲ ਵਾਲੀ ਦੇਖਭਾਲ ਯਕੀਨੀ ਬਣਾਉਣ ਵਿੱਚ।
- ਕਾਗਜ਼ੀ ਰਿਕਾਰਡਾਂ, ਫ਼ੋਨ ਕਾਲਾਂ, ਈਮੇਲਾਂ ਅਤੇ ਫੈਕਸਾਂ ਦੀ ਵਰਤੋਂ ਘਟਾ ਕੇ ਦੇਰੀ ਨੂੰ ਘਟਾਉਣਾ।
- ਖ਼ੂਨ ਦੇ ਟੈਸਟਾਂ ਜਾਂ ਸਕੈਨਾਂ ਵਰਗੇ ਬੇਲੋੜੇ ਟੈਸਟਾਂ ਨੂੰ ਦੁਬਾਰਾ ਕਰਵਾਉਣ ਤੋਂ ਬਚਣਾ।
- ਤੁਹਾਡੇ ਹਸਪਤਾਲ ਦੇ ਦੌਰਿਆਂ ਨੂੰ ਆਸਾਨ ਬਣਾਉਣਾ - ਤੁਹਾਨੂੰ ਆਪਣਾ ਸਾਰਾ ਮੈਡੀਕਲ ਇਤਿਹਾਸ ਨਾਲ ਲੈ ਕੇ ਜਾਣ ਲਈ ਯਾਦ ਰੱਖਣ ਦੀ ਲੋੜ ਨਹੀਂ ਪਵੇਗੀ।

## ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ?

ਜਦੋਂ ਤੁਸੀਂ ਵਿਕਟੋਰੀਆ ਦੀ ਕਿਸੇ ਸਰਕਾਰੀ ਸਿਹਤ ਸੇਵਾ ਵਿੱਚ ਜਾਂਦੇ ਹੋ, ਤਾਂ ਤੁਹਾਡੇ ਮੈਡੀਕਲ ਰਿਕਾਰਡ ਵਿੱਚੋਂ ਸਿਰਫ਼ ਕੁੱਝ ਖ਼ਾਸ ਜਾਣਕਾਰੀ ਹੀ ਆਪਣੇ ਆਪ ਸਾਂਝੀ ਕੀਤੀ ਜਾਵੇਗੀ। ਇਸ ਨਾਲ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਤੁਹਾਨੂੰ ਬਿਹਤਰੀਨ ਦੇਖਭਾਲ ਪ੍ਰਦਾਨ ਕਰਨ ਲਈ ਤੁਹਾਡੀ ਸਿਹਤ ਸੰਭਾਲ ਟੀਮ ਸਭ ਤੋਂ ਨਵੀਨਤਮ ਅਤੇ ਸੰਬੰਧਿਤ ਜਾਣਕਾਰੀ ਤੱਕ ਪਹੁੰਚ ਕਰ ਸਕੇ।

ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ, ਇਹ ਸ਼ਾਮਲ ਹਨ:

- ਤੁਹਾਡੇ ਸੰਪਰਕ ਵੇਰਵੇ ਅਤੇ ਐਮਰਜੈਂਸੀ ਸੰਪਰਕ।
- ਹਸਪਤਾਲ ਜਾਣ ਦੀਆਂ ਮਿਤੀਆਂ (ਦਾਖ਼ਲ ਮਰੀਜ਼, ਬਾਹਰੀ ਮਰੀਜ਼ ਜਾਂ ਐਮਰਜੈਂਸੀ ਦੌਰਾਨ)।
- ਕਲੀਨਿਕਲ ਦਸਤਾਵੇਜ਼, ਜਿਵੇਂ ਕਿ ਹਸਪਤਾਲ ਤੋਂ ਛੁੱਟੀ ਮਿਲਣ ਦੇ ਸੰਖੇਪ ਵੇਰਵੇ।
- ਪੈਥੋਲੋਜੀ ਟੈਸਟਾਂ ਦੇ ਨਤੀਜੇ ਅਤੇ ਰਿਪੋਰਟਾਂ।

VICTORIA State Government

CareSync Exchange

# Fact Sheet

## ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ

CareSync Exchange ਨੂੰ ਤੁਹਾਡੀ ਸਿਹਤ ਸੰਬੰਧੀ ਜਾਣਕਾਰੀ ਨੂੰ ਗੁਪਤ ਅਤੇ ਸੁਰੱਖਿਅਤ ਰੱਖਣ ਲਈ ਤਿਆਰ ਕੀਤਾ ਗਿਆ ਹੈ। ਸਿਰਫ਼ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਡਾਕਟਰ, ਨਰਸਾਂ ਅਤੇ ਹੋਰ ਸਿਹਤ ਸੰਭਾਲ ਪੇਸ਼ੇਵਰ ਹੀ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹਨ। ਉਹ ਤੁਹਾਡੇ ਇਲਾਜ ਬਾਰੇ ਬਿਹਤਰ ਫ਼ੈਸਲੇ ਲੈਣ ਵਿੱਚ ਮਦਦ ਲਈ ਇਸ ਜਾਣਕਾਰੀ ਦੀ ਵਰਤੋਂ ਕਰਦੇ ਹਨ।

*Health Services Act 1988* ਦੇ ਤਹਿਤ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਹਨ ਅਤੇ ਇਸ ਜਾਣਕਾਰੀ ਦੀ ਦੁਰਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਖ਼ਤ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

CareSync Exchange, ਵਿਕਟੋਰੀਆ ਦੇ ਸਖ਼ਤ ਡਾਟਾ ਸੁਰੱਖਿਆ ਮਿਆਰਾਂ ਦੀ ਪਾਲਣਾ ਕਰਦਾ ਹੈ। ਇਹ ਇੱਕ ਨਿੱਜੀ, ਸੁਰੱਖਿਅਤ ਨੈੱਟਵਰਕ ਦੀ ਵਰਤੋਂ ਕਰਦਾ ਹੈ, ਜਿਸ ਤੱਕ ਸਿਰਫ਼ ਸਰਕਾਰੀ ਸਿਹਤ ਸੇਵਾਵਾਂ ਹੀ ਪਹੁੰਚ ਕਰ ਸਕਦੀਆਂ ਹਨ। ਵਾਧੂ ਸੁਰੱਖਿਆ ਉਪਾਅ, ਜਿਵੇਂ ਕਿ ਫਾਇਰਵਾਲ, ਡਾਟਾ ਐਨਕ੍ਰਿਪਸ਼ਨ ਅਤੇ ਅਣ-ਅਧਿਕਾਰਤ ਪਹੁੰਚ ਦਾ ਪਤਾ ਲਗਾਉਣ ਵਾਲੀਆਂ ਪ੍ਰਣਾਲੀਆਂ, ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੀਆਂ ਹਨ।

## CareSync Exchange, My Health Record ਤੋਂ ਕਿਵੇਂ ਵੱਖਰਾ ਹੈ?

CareSync Exchange ਅਤੇ My Health Record ਦੋ ਵੱਖਰੀਆਂ ਪ੍ਰਣਾਲੀਆਂ ਹਨ ਜੋ ਤੁਹਾਡੀ ਸਿਹਤ ਸੰਭਾਲ ਵਿੱਚ ਸਹਾਇਤਾ ਕਰਨ ਲਈ ਮਿਲ ਕੇ ਕੰਮ ਕਰਦੀਆਂ ਹਨ।

**CareSync Exchange** ਤੱਕ ਸਿਰਫ਼ ਵਿਕਟੋਰੀਆ ਦੀ ਸਰਕਾਰੀ ਸਿਹਤ ਪ੍ਰਣਾਲੀ ਵਿੱਚ ਕੰਮ ਕਰਨ ਵਾਲੇ ਡਾਕਟਰ ਅਤੇ ਨਰਸਾਂ ਹੀ ਪਹੁੰਚ ਕਰ ਸਕਦੇ ਹਨ।

**My Health Record** ਆਸਟ੍ਰੇਲੀਆ ਦੀ ਰਾਸ਼ਟਰੀ ਪ੍ਰਣਾਲੀ ਹੈ। ਇਸ ਵਿੱਚ ਸਰਕਾਰੀ ਅਤੇ ਨਿੱਜੀ ਸੇਵਾ ਪ੍ਰਦਾਤਾਵਾਂ, ਜਿਵੇਂ ਕਿ ਜਨਰਲ ਪ੍ਰੈਕਟੀਸ਼ਨਰਾਂ (GPs), ਫਾਰਮੇਸੀਆਂ, ਨਿੱਜੀ ਹਸਪਤਾਲਾਂ ਅਤੇ ਜਾਂਚ ਸੇਵਾਵਾਂ ਤੋਂ ਪ੍ਰਾਪਤ ਜਾਣਕਾਰੀ ਸ਼ਾਮਲ ਹੁੰਦੀ ਹੈ। ਤੁਸੀਂ ਆਪਣੇ My Health Record ਤੱਕ ਖ਼ੁਦ ਵੀ ਪਹੁੰਚ ਕਰ ਸਕਦੇ ਹੋ।

## CareSync Exchange ਕਿੱਥੇ ਉਪਲਬਧ ਹੈ?

CareSync Exchange ਨੂੰ 2025 ਦੌਰਾਨ ਵਿਕਟੋਰੀਆ ਦੀਆਂ ਸਰਕਾਰੀ ਸਿਹਤ ਸੇਵਾਵਾਂ ਵਿੱਚ ਹੌਲੀ-ਹੌਲੀ ਲਾਗੂ ਕੀਤਾ ਜਾਵੇਗਾ। ਇਹ ਦੇਖਣ ਲਈ ਕਿ ਕਿਹੜੇ ਹਸਪਤਾਲ ਅਤੇ ਸਿਹਤ ਸੇਵਾਵਾਂ ਇਸਦੀ ਵਰਤੋਂ ਕਰ ਰਹੀਆਂ ਹਨ, ਇੱਥੇ ਜਾਓ: www.health.vic.gov.au/caresync-exchange।

## ਹੋਰ ਜਾਣਨਾ ਚਾਹੁੰਦੇ ਹੋ?

ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਜਾਂ ਸਿਹਤ ਸੇਵਾ ਪ੍ਰਦਾਤਾ ਨੂੰ ਪੁੱਛੋ।

ਵਧੇਰੇ ਜਾਣਕਾਰੀ ਲਈ, www.health.vic.gov.au/caresync-exchange 'ਤੇ ਜਾਓ।

ਇਹ ਦਸਤਾਵੇਜ਼ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ, Health Information Exchange program team (ਹੈਲਥ ਇਨਫਰਮੇਸ਼ਨ ਐਕਸਚੇਂਜ ਪ੍ਰੋਗਰਾਮ ਟੀਮ) ਨੂੰ <HIEprogram@health.vic.gov.au> 'ਤੇ ਈਮੇਲ ਕਰੋ।

ਵਿਕਟੋਰੀਆ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਵੱਲੋਂ ਅਧਿਕਾਰਤ ਅਤੇ ਪ੍ਰਕਾਸ਼ਿਤ। ©ਸਟੇਟ ਆਫ਼ ਵਿਕਟੋਰੀਆ, ਆਸਟ੍ਰੇਲੀਆ, ਸਿਹਤ ਵਿਭਾਗ, ਮਾਰਚ 2025।

ਜਿੱਥੇ ਹੋਰ ਕੁੱਝ ਨਹੀਂ ਦੱਸਿਆ ਗਿਆ, ਉੱਥੇ ਇਸ ਦਸਤਾਵੇਜ਼ ਵਿੱਚ ਦਿੱਤੀਆਂ ਤਸਵੀਰਾਂ ਵਿੱਚ ਸਿਰਫ਼ ਮਾਡਲਾਂ ਅਤੇ ਉਦਾਹਰਨ ਵਜੋਂ ਦਿਖਾਈਆਂ ਗਈਆਂ ਥਾਵਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਵਿੱਚ ਅਸਲ ਸੇਵਾਵਾਂ, ਸਹੂਲਤਾਂ ਜਾਂ ਸੇਵਾਵਾਂ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਦਰਸਾਇਆ ਗਿਆ ਹੋਵੇ।

**ISBN 978-1-76131-762-0 (ਪ੍ਰਿੰਟ)। ISBN 978-1-76131-763-7 (pdf/ਔਨਲਾਈਨ/MS word)**

ਵਧੇਰੇ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਜਾਓ।

VICTORIA State Government